<u>ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿ), ਪੰਜਾਬ, ਐਸ.ਏ.ਐਸ ਨਗਰ</u>

(ਸੇਵਾਵਾਂ-1 ਸ਼ਾਖਾ)

ਵੱਲ,

1. ਰਾਜ ਦੇ ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ, ਐ.ਸਿ)
2. ਡਾਇਰੈਕਟੋਰੇਟ ਦੀਆਂ ਸਮੂਹ ਸ਼ਾਖਾਵਾਂ ਦੇ ਮੁੱਖੀ।

ਮੀਮੋ ਨੰ: 14/28-2019 ਸੇ1(2)
ਮਿਤੀ: 3/9/19

ਵਿਸ਼ਾ: ਡਾਇਰੈਕਟੋਰੇਟ ਵਿਖੇ ਲੀਗਲ ਸਹਾਇਕਾਂ ਦੀਆਂ ਅਸਾਮੀਆਂ ਭਰਨ ਬਾਰੇ।

ਪੰਜਾਬ ਸਰਕਾਰ, ਸਕੂਲ ਸਿੱਖਿਆ ਵਿਭਾਗ ਵੱਲੋਂ ਆਪਣੀ ਅਧਿਸੂਚਨਾ ਨੰ: G.S.R.63/Const/Art.309/2018 ਮਿਤੀ 08-08-2018 ਰਾਹੀਂ ਪੰਜਾਬ ਐਜੂਕੇਸ਼ਨ ਡਿਪਾਰਟਮੈਂਟ (ਮਨੀਸਟਰੀਅਲ ਸਟਾਫ ਆਫ ਹੈਡਕੁਆਰਟਰ) ਗਰੁੱਪ ਬੀ ਸਰਵਿਸ ਰੂਲਜ਼,2018 ਅਧਿਸੂਚਿਤ ਕੀਤੇ ਗਏ ਹਨ। ਇਹਨਾਂ ਨਿਯਮਾਂ ਦੇ ਅਪੈਂਡਿਕਸ- ਏ ਅਨੁਸਾਰ ਲੀਗਲ ਸਹਾਇਕ ਦੀਆਂ 15 ਅਸਾਮੀਆਂ ਤਨਖਾਹ ਸਕੇਲ 10300-34800+4200 ਵਿਚ ਨਿਸ਼ਚਿਤ ਕੀਤੀਆਂ ਗਈਆਂ ਹਨ, ਜਿਨ੍ਹਾਂ ਵਿਚੋਂ 25% ਅਸਾਮੀਆਂ ਪਦ-ਉਨਤੀਆਂ ਰਾਹੀਂ ਮਨਿਸਟੀਰਅਲ ਸਟਾਫ ਅਤੇ ਹੋਰ ਟੀਚਿੰਗ ਪਰਸੋਨਲ, ਜੋ ਕਿ ਨਿਰਧਾਰਤ ਯੋਗਤਾਵਾਂ ਪੂਰੀਆਂ ਕਰਦੇ ਹੋਣ, ਵਿੱਚੋਂ ਭਰਨ ਦਾ ਉਪਬੰਧ ਕੀਤਾ ਗਿਆ ਹੈ।

2. ਲੀਗਲ ਸਹਾਇਕਾਂ ਦੀਆਂ ਤਰੱਕੀ ਰਾਹੀਂ 25% ਭਰੀਆਂ ਜਾਣ ਵਾਲੀਆਂ ਅਸਾਮੀਆਂ ਲਈ ਨਿਯਮਾਂ ਵਿੱਚ ਹੇਠ ਅਨੁਸਾਰ ਉਪਬੰਧ ਕੀਤਾ ਗਿਆ ਹੈ:-

> "From amongst the Ministerial staff and other teaching personnel working under the control of the Director who have passed professional Degree of Law from a recognized university or instituition and who have an experience of working as such for a minimum period of two years. "

3. ਮਨਿਸਟੀਰਅਲ ਸਟਾਫ ਅਤੇ ਹੋਰ ਟੀਚਿੰਗ ਪਰਸੋਨਲ, ਜੋ ਉਪਰੋਕਤ ਯੋਗਤਾਵਾਂ ਅਤੇ ਸ਼ਰਤਾਂ ਪੂਰੀਆਂ ਕਰਦੇ ਹੋਣ ਅਤੇ ਡਾਇਰੈਕਟੋਰੇਟ ਵਿਖੇ ਲੀਗਲ ਸਹਾਇਕ ਦੀਆਂ ਅਸਾਮੀਆਂ ਵਿਰੁੱਧ ਤਾਇਨਾਤ ਹੋਣ ਦੇ ਇੱਛੁਕ ਹੋਣ, ਦੀਆਂ ਅਰਜੀਆਂ ਸਮੇਤ ਉਨ੍ਹਾਂ ਦੀਆਂ ਯੋਗਤਾਵਾਂ ਦੇ ਦਸਤਾਵੇਜਾਂ ਸਹਿਤ, ਉਨ੍ਹਾਂ ਦੇ ਕੰਮ-ਕਾਜ ਸਬੰਧੀ ਰਿਪੋਰਟ ਸਹਿਤਾਂ ਮਿਤੀ 20-09-2019 ਤੱਕ ਜ਼ਿਲ੍ਹਾ ਮੁੱਖੀ/ ਵਿਭਾਗ ਦੇ ਮੁੱਖੀ ਰਾਹੀਂ ਇਸ ਡਾਇਰੈਕਟੋਰੇਟ ਵਿਖੇ ਪੁਜਦੀਆਂ ਕਰਨ ਦੀ ਕਿਰਪਾਲਤਾ ਕਰਨ ਜੀ।

4. ਚਾਹਵਾਨ ਕਰਮਚਾਰੀਆਂ ਦੀਆਂ ਅਰਜੀਆਂ ਭੇਜਣ ਸਮੇਂ ਇਹ ਵੀ ਅੰਕਿਤ ਕੀਤਾ ਜਾਵੇ ਕਿ ਕੀ ਉਨ੍ਹਾਂ ਵਿਰੁੱਧ ਕੋਈ ਸਿਕਾਇਤ/ਪੜਤਾਲ ਜਾਂ ਅਨੁਸਾਸਨੀ ਕਾਰਵਾਈ ਦਾ ਕੇਸ ਪੈਂਡਿੰਗ ਤਾਂ ਨਹੀਂ ਹੈ।

ਰਜਿਸਟਰਾਰ ਸਿੱਖਿਆ ਵਿਭਾਗ

ਪਿੱਠ ਅੰਕਣ ਨੰ:ਉਕਤ

ਮਿਤੀ:

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ:-

1. ਪੀ.ਏ.ਟੂ ਡੀ.ਪੀ.ਆਈ (ਸੈ.ਸਿ), ਪੰਜਾਬ।
2. ਪੀ.ਏ.ਟੂ ਡਿਪਟੀ ਡਾਇਰੈਕਟਰ (ਪ੍ਰਸ਼ਾਸਨ)।
3. ਡਾਇਰੈਕਟਰ ਸਿੱਖਿਆ ਵਿਭਾਗ (ਕਾਲਜਾਂ), ਪੰਜਾਬ।
4. ਡਾਇਰੈਕਟਰ ਸਿੱਖਿਆ ਵਿਭਾਗ (ਐ.ਸਿ), ਪੰਜਾਬ।
5. ਡਾਇਰੈਕਟਰ ਐਸ.ਸੀ.ਈ.ਆਰ.ਟੀ, ਪੰਜਾਬ।

ਰਜਿਸਟਰਾਰ ਸਿੱਖਿਆ ਵਿਭਾਗ

Scanned by CamScanner

ਦਫਤਰ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ) ਸ੍ਰੀ ਮੁਕਤਸਰ

ਪਿੱਠ ਅੰਕਣ ਨੰ: ਅ-3/2019-280000 ਮਿਤੀ, 5/9/19

ਉਤਾਰਾ ਜ਼ਰੂਰ ਪ੍ਰਿੰਸੀਪਲ, ਸੰਧ ਅਫਿਸਮਾਪਰ. ਸਮਾਗਮ, ਸਾਹਿ. ਜ਼ਿਲ੍ਹਾ ਸ੍ਰੀ ਮੁਕਤਸਰ ਨੂੰ ਸੂਚਨਾ ਹਿਤ ਅਗਲੇਰੀ ਕਾਰਵਾਈ ਹਿਤ ਭੇਜਿਆ ਜਾਂਦਾ ਹੈ।

4/9/19

ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ)
ਸ੍ਰੀ ਮੁਕਤਸਰ ਸਾਹਿਬ

4/9/19

Scanned by CamScanner